# ਭਾਰਤ ਵਿੱਚ ਜੈਵਿਕ ਖੁਰਾਕ ਪ੍ਰਮਾਣੀਕਰਨ ਪ੍ਰਾਪਤ ਕਰਨ ਲਈ ਕਦਮ

ਜਿਵੇਂ ਕਿ ਦੇਸ਼ ਵਿੱਚ ਜੈਵਿਕ ਫਸਲਾਂ ਅਤੇ ਖੁਰਾਕ ਉਤਪਾਦਾਂ ਦਾ ਬਜ਼ਾਰ ਵਧ ਰਿਹਾ ਹੈ, ਭਾਰਤ ਸਰਕਾਰ ਨੇ ਕਿਸਾਨਾਂ ਨੂੰ ਪ੍ਰਮਾਣੀਕਰਨ ਪ੍ਰਾਪਤ ਕਰਨ ਵਿੱਚ ਮਦਦ ਕਰਨ ਲਈ ਵੀ ਕਦਮ ਚੁੱਕੇ ਹਨ, ਜਿਹੜੇ ਕਿ ਇਹ ਪੁਸ਼ਟੀ ਕਰਦੇ ਹਨ ਕਿ ਉਤਪਾਦ ਰਾਸ਼ਟਰੀ ਜੈਵਿਕ ਉਤਪਾਦਨ ਮਾਪਦੰਡ (ਐਨ ਐਸ ਓ ਪੀ) ਦੇ ਅਨੁਕੂਲ ਹੈ। ਜਦੋਂ ਕਿ ਪ੍ਰਮਾਣੀਕਰਨ ਕਿਸਾਨਾਂ ਨੂੰ ਖ਼ਰੀਦਾਰ ਲੱਭਣ ਵਿੱਚ ਮਦਦ ਕਰਦਾ ਹੈ, ਇਹ ਉਪਭੋਗਤਾਵਾਂ ਨੂੰ ਅਸਲੀ ਅਤੇ ਮਿਆਰੀ ਜੈਵਿਕ ਉਤਪਾਦਾਂ ਦੀ ਵਿਕਰੀ ਨੂੰ ਵੀ ਯਕੀਨੀ ਬਣਾਉਂਦਾ ਹੈ।

### ਪ੍ਰਮਾਣੀਕਰਨ ਬਾਜ਼ਾਰ ਵਿੱਚ ਜੈਵਿਕ ਭੋਜਨ ਦੀ ਪਛਾਣ ਕਰਨ ਵਿੱਚ ਮਦਦ ਕਰਦਾ ਹੈ

ਜੈਵਿਕ ਅਤੇ ਰਵਾਇਤੀ ਉਤਪਾਦਾਂ ਦੀ ਸਮਾਨ ਦਿੱਖ ਨੂੰ ਧਿਆਨ ਵਿੱਚ ਰੱਖਦੇ ਹੋਏ ਬਜ਼ਾਰ ਵਿੱਚ ਜੈਵਿਕ ਖੁਰਾਕ ਦੀ ਪਛਾਣ ਕਰਨ ਦਾ ਇੱਕੋ ਇੱਕ ਤਰੀਕਾ ਹੈ ਪਛਾਣ ਦੇ ਰੂਪ ਵਿੱਚ ਇਸਦੇ ਪ੍ਰਮਾਣੀਕਰਨ ਅਤੇ ਗੁਣਵੱਤਾ ਨਿਸ਼ਾਨ ਦੀ ਪੁਸ਼ਟੀ ਕਰਨਾ। ਖੁਰਾਕ ਸੁਰੱਖਿਆ ਅਤੇ ਪੱਧਰ (ਜੈਵਿਕ ਭੋਜਨ) ਨਿਯਮ, 2017 ਦੀਆਂ ਲੋੜਾਂ ਦੇ ਅਨੁਸਾਰ, ਸਾਰੇ ਜੈਵਿਕ ਭੋਜਨ ਨੂੰ ਇਸਦੇ ਪ੍ਰਮਾਣੀਕਰਣ ਨਿਸ਼ਾਨ ਦੇ ਨਾਲ ਜੈਵਿਕ ਭਾਰਤ ਦਾ ਨਿਸ਼ਾਨ ਹੋਣਾ ਚਾਹੀਦਾ ਹੈ।

### ਜੈਵਿਕ ਪ੍ਰਮਾਣੀਕਰਨ ਕੀ ਹੈ?

ਜੈਵਿਕ ਪ੍ਰਮਾਣੀਕਰਨ ਇੱਕ ਪ੍ਰਕਿਰਿਆ ਪ੍ਰਮਾਣੀਕਰਨ ਹੈ ਜਿਸ ਵਿੱਚ ਪੈਦਾਵਾਰ, ਭੰਡਾਰਨ, ਪ੍ਰੋਸੈਸਿੰਗ, ਪੈਕੇਜਿੰਗ ਅਤੇ ਆਵਾਜਾਈ ਲਈ ਉਤਪਾਦਨ ਦੇ ਮਾਪਦੰਡਾਂ ਦਾ ਇੱਕ ਸਮੂਹ ਹੈ ਜਿਸ ਵਿੱਚ ਸ਼ਾਮਲ ਹਨ:

- ਸਿੰਥੈਟਿਕ ਰਸਾਇਣਕ ਲਾਗਤਾਂ (ਜਿਵੇਂ ਕਿ ਖਾਦ, ਕੀਟਨਾਸ਼ਕ, ਹਾਰਮੋਨਸ, ਐਂਟੀਬਾਇਓਟਿਕਸ, ਫੂਡ ਐਡਿਟਿਵ ਆਦਿ) ਅਤੇ ਜੈਨੇਟਿਕ ਤੌਰ 'ਤੇ ਸੋਧੇ ਹੋਏ ਜੀਵਾਣੂਆਂ ਤੋਂ ਬਚਣਾ
- ਵਿਸਤਾਰ ਵਿੱਚ ਉਤਪਾਦਨ ਅਤੇ ਵਿਕਰੀ ਦਾ ਲਿਖਤੀ ਰਿਕਾਰਡ ਰੱਖਣਾ (ਲੇਖਾ ਪੜਤਾਲ)
- ਜੈਵਿਕ ਉਤਪਾਦਾਂ ਨੂੰ ਗੈਰ-ਪ੍ਰਮਾਣਿਤ ਤੋਂ ਪੂਰੀ ਤਰ੍ਹਾਂ ਅਲੱਗ ਰੱਖਣਾ
- ਸਮੇਂ-ਸਮੇਂ 'ਤੇ ਮੌਕੇ ਦੀ ਜਾਂਚ ਕਰਨਾ

## ਪ੍ਰਮਾਣੀਕਰਨ ਪ੍ਰਣਾਲੀਆਂ

ਭਾਰਤ ਵਿੱਚ ਦੋ ਜੈਵਿਕ ਪ੍ਰਮਾਣੀਕਰਨ ਪ੍ਰਣਾਲੀਆਂ ਹਨ। ਦੋਵੇਂ ਪ੍ਰਣਾਲੀਆਂ ਸਾਂਝੇ ਰਾਸ਼ਟਰੀ ਮਾਪਦੰਡਾਂ 'ਤੇ ਅਧਾਰਤ ਹਨ, ਪਰ ਤਸਦੀਕ ਅਤੇ ਦਸਤਾਵੇਜ਼ਾਂ ਲਈ ਇਹ ਵੱਖਰੀ ਪਹੁੰਚ ਅਪਣਾਉਂਦੀਆਂ ਹਨ।

- ਨਿਰਯਾਤ ਲਈ ਜੈਵਿਕ ਉਤਪਾਦਨ ਲਈ ਰਾਸ਼ਟਰੀ ਪ੍ਰੋਗਰਾਮ (ਐਨ ਪੀ ਓ ਪੀ)
- ਘਰੇਲੂ ਅਤੇ ਸਥਾਨਕ ਬਜ਼ਾਰਾਂ ਲਈ ਭਾਰਤ ਭਾਗੀਦਾਰੀ ਗਾਰੰਟੀ ਪ੍ਰਣਾਲਿ (ਪੀ ਜੀ ਐਸ-ਇੰਡੀਆ)

## ਜੈਵਿਕ ਉਤਪਾਦਨ ਲਈ ਰਾਸ਼ਟਰੀ ਪ੍ਰੋਗਰਾਮ (ਐਨ ਪੀ ਓ ਪੀ) ਪ੍ਰਮਾਣੀਕਰਨ

ਐਨ ਪੀ ਓ ਪੀ ਪ੍ਰਮਾਣੀਕਰਨ ਇੱਕ ਤੀਜੀ-ਧਿਰ ਪ੍ਰਮਾਣੀਕਰਨ ਹੈ, ਜਿਸ ਵਿੱਚ ਫਾਰਮ ਜਾਂ ਖੇਤੀਬਾੜੀ ਉਤਪਾਦਾਂ ਦੀ ਪ੍ਰੋਸੈਸਿੰਗ ਨੂੰ ਇੱਕ ਮਾਨਤਾ ਪ੍ਰਾਪਤ ਜੈਵਿਕ ਪ੍ਰਮਾਣੀਕਰਨ ਏਜੰਸੀ ਰਾਹੀਂ ਰਾਸ਼ਟਰੀ ਜਾਂ ਅੰਤਰਰਾਸ਼ਟਰੀ ਜੈਵਿਕ ਮਾਪਦੰਡਾਂ ਦੇ ਅਨੁਸਾਰ ਪ੍ਰਮਾਣਿਤ ਕੀਤਾ ਜਾਂਦਾ ਹੈ। ਐਨ ਪੀ ਓ ਪੀ ਪ੍ਰਮਾਣੀਕਰਨ ਦੀ ਸਹੂਲਤ ਐਗਰੀਕਲਚਰ ਪ੍ਰੋਸੈਸਡ ਫੂਡ ਐਂਡ ਐਕਸਪੋਰਟ ਡਿਵੈਲਪਮੈਂਟ ਅਥਾਰਟੀ

(ਅਪੀਡਾ) ਵੱਲੋਂ ਦਿੱਤੀ ਜਾਂਦੀ ਹੈ, ਜਿਹੜੀ ਕਿ ਭਾਰਤੀ ਵਣਜ ਅਤੇ ਉਦਯੋਗ ਮੰਤਰਾਲੇ ਦੇ ਅਧੀਨ ਕੰਮ ਕਰਦੀ ਹੈ।

**ਭਾਗੀਦਾਰੀ ਗਾਰੰਟੀ ਪ੍ਰਣਾਲੀ (ਪੀ ਜੀ ਐਸ-ਇੰਡੀਆ) ਪ੍ਰਮਾਣੀਕਰਨ**

ਭਾਗੀਦਾਰੀ ਗਾਰੰਟੀ ਪ੍ਰਣਾਲੀ ਸਥਾਨਕ ਤੌਰ 'ਤੇ ਕੇਂਦ੍ਰਿਤ ਗੁਣਵੱਤਾ ਭਰੋਸਾ ਪ੍ਰਣਾਲੀ ਹੈ, ਜਿਹੜੀ ਵਿਸ਼ਵਾਸ, ਸੋਸ਼ਲ ਨੈਟਵਰਕ ਅਤੇ ਗਿਆਨ ਦੇ ਵਟਾਂਦਰੇ ਦੀ ਬੁਨਿਆਦ 'ਤੇ ਬਣਾਈ ਗਈ ਹੈ। ਜੈਵਿਕ ਖੇਤੀ ਦੇ ਮਾਮਲੇ ਵਿੱਚ, ਭਾਗੀਦਾਰੀ ਗਾਰੰਟੀ ਪ੍ਰਣਾਲੀ ਇੱਕ ਪ੍ਰਕਿਰਿਆ ਹੈ ਜਿਸ ਵਿੱਚ ਸਮਾਨ ਸਥਿਤੀਆਂ ਵਿੱਚ ਲੋਕ (ਇਸ ਮਾਮਲੇ ਵਿੱਚ ਉਤਪਾਦਕ) ਇੱਕ ਦੂਜੇ ਦੇ ਉਤਪਾਦਨ ਅਭਿਆਸਾਂ ਦਾ ਮੁਲਾਂਕਣ, ਨਿਰੀਖਣ ਅਤੇ ਤਸਦੀਕ ਕਰਦੇ ਹਨ ਅਤੇ ਸਮੂਹਿਕ ਤੌਰ 'ਤੇ ਸਮੂਹ ਦੀ ਪੂਰੀ ਪੈਦਾਵਾਰ ਨੂੰ ਜੈਵਿਕ ਘੋਸ਼ਿਤ ਕਰਦੇ ਹਨ। ਪੀ ਜੀ ਐਸ-ਇੰਡੀਆ ਨੂੰ ਭਾਰਤ ਸਰਕਾਰ ਦੇ ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰਾਲੇ ਵੱਲੋਂ ਇਸਦੇ ਰਾਸ਼ਟਰੀ ਜੈਵਿਕ ਖੇਤੀ ਕੇਂਦਰ (ਐਨ ਓ ਸੀ ਐਫ), ਗਾਜ਼ੀਆਬਾਦ ਰਾਹੀਂ ਚਲਾਇਆ ਜਾ ਰਿਹਾ ਹੈ।

**ਰਾਸ਼ਟਰੀ ਜੈਵਿਕ ਖੇਤੀ ਕੇਂਦਰ (ਐਨ ਓ ਸੀ ਐਫ) ਬਾਰੇ**

ਰਾਸ਼ਟਰੀ ਜੈਵਿਕ ਖੇਤੀ ਕੇਂਦਰ (ਐਨ ਓ ਸੀ ਐਫ), ਟਿਕਾਊ ਖੇਤੀ ਦੇ ਰਾਸ਼ਟਰੀ ਮਿਸ਼ਨ (ਐਨ ਐਮ ਐਸ ਏ) ਦੇ ਤਹਿਤ, ਜੈਵਿਕ ਖੇਤੀ ਨੂੰ ਉਤਸ਼ਾਹਿਤ ਕਰਨ ਲਈ ਇੱਕ ਨੋਡਲ ਸੰਸਥਾ ਹੈ ਜਿਹੜੀ ਕਿ ਆਪਣੇ ਨੌਂ ਖੇਤਰੀ ਕੇਂਦਰਾਂ ਦੇ ਨਾਲ ਹੇਠ ਲਿਖੇ ਪ੍ਰਮੁੱਖ ਆਦੇਸ਼ਾਂ ਦਾ ਪਾਲਨ ਕਰਦੀ ਹੈ:

- ਮਨੁੱਖੀ ਸਰੋਤ ਵਿਕਾਸ ਸਮੇਤ ਸਾਰੇ ਹਿੱਸੇਦਾਰਾਂ ਦੇ ਤਕਨੀਕੀ ਸਮਰੱਥਾ ਨਿਰਮਾਣ ਰਾਹੀਂ ਦੇਸ਼ ਵਿੱਚ ਜੈਵਿਕ ਖੇਤੀ ਨੂੰ ਉਤਸ਼ਾਹਿਤ ਕਰਨਾ

- ਤਕਨਾਲੋਜੀ ਪ੍ਰਸਾਰ ਅਤੇ ਕਿਸਮਾਂ ਦੀ ਪੂਰਤੀ ਕਰਨਾ
- ਖਾਦ ਕੰਟਰੋਲ ਆਰਡਰ (ਐਫ ਸੀ ਓ, 1985) ਦੇ ਤਹਿਤ ਜੈਵਿਕ ਖਾਦਾਂ ਦਾ ਕਾਨੂੰਨੀ ਗੁਣਵੱਤਾ ਨਿਯੰਤਰਣ
- ਜੈਵਿਕ ਪ੍ਰਮਾਣੀਕਰਨ ਦੀ ਘੱਟ ਲਾਗਤ ਵਾਲੀ ਭਾਗੀਦਾਰੀ ਪ੍ਰਣਾਲੀ ਦਾ ਪ੍ਰਚਾਰ
- ਪ੍ਰਿੰਟ ਅਤੇ ਇਲੈਕਟ੍ਰਾਨਿਕ ਮੀਡੀਆ ਰਾਹੀਂ ਜਾਗਰੂਕਤਾ ਅਤੇ ਪ੍ਰਚਾਰ ਕਰਨਾ

ਹੁਣ ਤੱਕ ਭਾਰਤ ਵਿੱਚ ਕੁੱਲ 6.12 ਲੱਖ ਹੈਕਟੇਅਰ ਜ਼ਮੀਨ ਅਤੇ 9.32 ਲੱਖ ਕਿਸਾਨਾਂ ਦਾ ਪੀ ਜੀ ਐਸ-ਇੰਡੀਆ ਦੇ ਤਹਿਤ ਅਤੇ 9.12 ਲੱਖ ਹੈਕਟੇਅਰ ਜ਼ਮੀਨ ਅਤੇ ਲਗਭਗ 15 ਲੱਖ ਕਿਸਾਨਾਂ ਦਾ ਐਨ ਪੀ ਓ ਪੀ ਦੇ ਤਹਿਤ ਪ੍ਰਮਾਣੀਕਰਨ ਕੀਤਾ ਗਿਆ ਹੈ।